# ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ

ਐਸ.ਸੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜਿਲ, ਸੈਕਟਰ 34-ਏ, ਚੰਡੀਗੜ੍ਹ

**ਵੱਲ :**

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ)
   ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ)
   ਪੰਜਾਬ।

**ਮੀਮੋ ਨੰ: 5/283-2012/SSA/CW/** R007336
**ਮਿਤੀ :** 27-12-12

**ਵਿਸ਼ਾ :** **ਐਸ.ਐਸ.ਏ. ਅਧੀਨ ਸਾਲ 2012-13 ਦੌਰਾਨ ਸਿਵਲ ਵਰਕਸ ਦੇ ਕੰਮਾਂ ਲਈ ਸਪੈਸੀਫਿਕੇਸ਼ਨ ਅਤੇ ਦਿਸ਼ਾ ਨਿਰਦੇਸ਼।**

**ਹਵਾਲਾ:** **5/283-2012/SSA/CW/4859-4902, ਮਿਤੀ 29.08.2012**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ।

2.0 ਉਪਰੋਕਤ ਵਿਸ਼ੇ ਅਤੇ ਹਵਾਲੇ ਦੀ ਲਗਾਤਾਰਤਾ ਵਿੱਚ ਨੁਕਤਾ ਨੰ: 1 ਦੇ ਸਬੰਧ ਵਿੱਚ ਐਸ.ਐਸ.ਏ. ਅਧੀਨ ਚੱਲ ਰਹੇ ਸਿਵਲ ਵਰਕਸ ਦੇ ਕੰਮਾਂ ਦੀਆਂ ਡਰਾਇੰਗਜ਼ ਵਿੱਚ ਕੁਝ ਸੋਧ ਕੀਤੀ ਗਈ ਹੈ। ਜਿਸ ਅਨੁਸਾਰ ਵਾਧੂ ਕਲਾਸਰੂਮ ਦਾ ਅੰਦਰੂਨੀ ਸਾਈਜ਼ 22 ' x 19' – 0" ਅਤੇ ਵਰਾਂਡਾ 8' ਹੋਵੇਗਾ।

3.0 ਨੁਕਤਾ ਨੰ: 25 ਵਿੱਚ ਜਾਰੀ ਦਿਸ਼ਾ ਨਿਰਦੇਸ਼ਾਂ ਵਿੱਚ ਸੋਧ ਕਰਦੇ ਹੋਏ ਲਿਖਿਆ ਜਾਂਦਾ ਹੈ ਕਿ ਐਡੀਸ਼ਨਲ ਕਲਾਸਰੂਮ ਵਿੱਚ ਫਰਨੀਚਰ ਦੀ ਖਰੀਦ ਕਰਨ ਵੇਲੇ ਇਹ ਯਕੀਨੀ ਬਣਾਇਆ ਜਾਵੇ ਕਿ ਪਹਿਲ ਦੇ ਆਧਾਰ ਤੇ ਵਿਦਿਆਰਥੀਆਂ ਲਈ ਲੋੜੀਂਦਾ ਫਰਨੀਚਰ ਸਕੂਲ ਮੈਨੇਜਮੈਂਟ ਕਮੇਟੀ ਦੀ ਮਦਦ ਨਾਲ ਬਕਾਇਦਾ ਪਰਚੇਜ਼ ਕਮੇਟੀ ਬਣਾ ਕੇ ਨਿਯਮਾਂ ਅਨੁਸਾਰ ਖਰੀਦ ਲਿਆ ਜਾਵੇ।

4.0 ਮੁੱਖ ਦਫ਼ਤਰ ਵੱਲੋਂ ਜਾਰੀ ਸੋਧੇ ਹੋਏ ਸਪੈਸੀਫਿਕੇਸ਼ਨ ਅਤੇ ਦਿਸ਼ਾ ਨਿਰਦੇਸ਼ਾਂ ਨੂੰ ਅਮਲ ਵਿੱਚ ਲਿਆਉਣਾ ਆਪ ਵੱਲੋਂ ਯਕੀਨੀ ਬਣਾਇਆ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਨਿਰੋਲ ਜਿੰਮੇਵਾਰੀ ਆਪ ਜੀ ਦੀ ਹੋਵੇਗੀ।

**ਸਕੱਤਰ-ਕਮ-**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ,**
**ਪੰਜਾਬ,ਚੰਡੀਗੜ੍ਹ।**

# ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ

ਐਸ.ਸੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜਿਲ, ਸੈਕਟਰ 34-ਏ, ਚੰਡੀਗੜ੍ਹ

**ਵੱਲ :**

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ)
   ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ)
   ਪੰਜਾਬ।

**ਮੀਮੋ ਨੰ: 5/283-2012/SSA/CW/** R 0 07336
**ਮਿਤੀ :** 27-12-12

**ਵਿਸ਼ਾ :** **ਐਸ.ਐਸ.ਏ. ਅਧੀਨ ਸਾਲ 2012-13 ਦੌਰਾਨ ਸਿਵਲ ਵਰਕਸ ਦੇ ਕੰਮਾਂ ਲਈ ਸਪੈਸੀਫਿਕੇਸ਼ਨ ਅਤੇ ਦਿਸ਼ਾ ਨਿਰਦੇਸ਼।**

**ਹਵਾਲਾ:** **5/283-2012/SSA/CW/4859-4902, ਮਿਤੀ 29.08.2012**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ।

2.0 ਉਪਰੋਕਤ ਵਿਸ਼ੇ ਅਤੇ ਹਵਾਲੇ ਦੀ ਲਗਾਤਾਰਤਾ ਵਿੱਚ ਨੁਕਤਾ ਨੰ: 1 ਦੇ ਸਬੰਧ ਵਿੱਚ ਐਸ.ਐਸ.ਏ. ਅਧੀਨ ਚੱਲ ਰਹੇ ਸਿਵਲ ਵਰਕਸ ਦੇ ਕੰਮਾਂ ਦੀਆਂ ਡਰਾਇੰਗਜ਼ ਵਿੱਚ ਕੁਝ ਸੋਧ ਕੀਤੀ ਗਈ ਹੈ। ਜਿਸ ਅਨੁਸਾਰ ਵਾਧੂ ਕਲਾਸਰੂਮ ਦਾ ਅੰਦਰੂਨੀ ਸਾਈਜ਼ 22 ' x 19' – 0" ਅਤੇ ਵਰਾਂਡਾ 8' ਹੋਵੇਗਾ।

3.0 ਨੁਕਤਾ ਨੰ: 25 ਵਿੱਚ ਜਾਰੀ ਦਿਸ਼ਾ ਨਿਰਦੇਸ਼ਾਂ ਵਿੱਚ ਸੋਧ ਕਰਦੇ ਹੋਏ ਲਿਖਿਆ ਜਾਂਦਾ ਹੈ ਕਿ ਐਡੀਸ਼ਨਲ ਕਲਾਸਰੂਮ ਵਿੱਚ ਫਰਨੀਚਰ ਦੀ ਖਰੀਦ ਕਰਨ ਵੇਲੇ ਇਹ ਯਕੀਨੀ ਬਣਾਇਆ ਜਾਵੇ ਕਿ ਪਹਿਲ ਦੇ ਆਧਾਰ ਤੇ ਵਿਦਿਆਰਥੀਆਂ ਲਈ ਲੋੜੀਂਦਾ ਫਰਨੀਚਰ ਸਕੂਲ ਮੈਨੇਜਮੈਂਟ ਕਮੇਟੀ ਦੀ ਮਦਦ ਨਾਲ ਬਕਾਇਦਾ ਪਰਚੇਜ਼ ਕਮੇਟੀ ਬਣਾ ਕੇ ਨਿਯਮਾਂ ਅਨੁਸਾਰ ਖਰੀਦ ਲਿਆ ਜਾਵੇ।

4.0 ਮੁੱਖ ਦਫ਼ਤਰ ਵੱਲੋਂ ਜਾਰੀ ਸੋਧੇ ਹੋਏ ਸਪੈਸੀਫਿਕੇਸ਼ਨ ਅਤੇ ਦਿਸ਼ਾ ਨਿਰਦੇਸ਼ਾਂ ਨੂੰ ਅਮਲ ਵਿੱਚ ਲਿਆਉਣਾ ਆਪ ਵੱਲੋਂ ਯਕੀਨੀ ਬਣਾਇਆ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਨਿਰੋਲ ਜਿੰਮੇਵਾਰੀ ਆਪ ਜੀ ਦੀ ਹੋਵੇਗੀ।

**ਸਕੱਤਰ-ਕਮ-**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ,**
**ਪੰਜਾਬ,ਚੰਡੀਗੜ੍ਹ।**

ASPD/CW/2012/R007335

# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
## ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

ਐਸ.ਸੀ.ਓ. ਨੰ: 104-106, ਤੀਜੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ

**ਸਰਵ ਸਿੱਖਿਆ ਅਭਿਆਨ ਅਥਾਰਟੀ ਅਧੀਨ ਸਾਲ 2012-13 ਦੌਰਾਨ ਹੋਣ ਵਾਲੇ ਸਿਵਲ ਵਰਕਸ ਦੇ ਕੰਮਾਂ ਲਈ ਸਪੈਸੀਫਿਕੇਸ਼ਨਜ਼/ਦਿਸ਼ਾ ਨਿਰਦੇਸ਼**

ਸਰਵ ਸਿੱਖਿਆ ਅਭਿਆਨ ਅਧੀਨ ਸਿਵਲ ਵਰਕਸ ਦੇ ਕੰਮਾਂ ਲਈ ਜਾਰੀ ਕੀਤੀ ਰਾਸ਼ੀ ਹੇਠ ਅਨੁਸਾਰ ਵਰਤੀ ਜਾਵੇ। ਕਿਸੇ ਵੀ ਸਕੂਲ ਵਿੱਚ ਉਸਾਰੀ ਦਾ ਕੰਮ ਸ਼ੁਰੂ ਕਰਨ ਤੋ ਪਹਿਲਾ ਸਬੰਧਤ ਕੰਮ ਦੀ ਡਰਾਇੰਗ ਨੂੰ ਚੰਗੀ ਤਰਾਂ ਵੇਖ ਅਤੇ ਸਮਝ ਲਿਆ ਜਾਵੇ।

### ੳ). ਐਡੀਸ਼ਨਲ ਕਲਾਸਰੂਮ

**1. ਕੁੱਲ ਲਾਗਤ 5.20 ਲੱਖ ਰੁਪਏ,**

ਉਸਾਰੀ ਲਈ : 4.50 ਲੱਖ ਰੁਪਏ

ਫਰਨੀਚਰ ਲਈ : 0.70 ਲੱਖ ਰੁਪਏ

ਕੁੱਲ ਰਕਬਾ 687.375 ਵਰਗ ਫੁੱਟ

ਅੰਦਰੂਨੀ ਸਾਈਜ਼ 22'-0"x 19'-00"

ਵਰਾਂਡਾ 8'- 0"

**2. ਨੀਹਾਂ ਦੀ ਪੁਟਾਈ**

ਕੰਧਾਂ ਦੀ ਪੁਟਾਈ ਤਿੰਨ ਫੁੱਟ ਚੌੜੀ ਅਤੇ ਜ਼ਮੀਨ ਲੈਵਲ ਤੋਂ ਤਿੰਨ ਫੁੱਟ ਡੂੰਘੀ ਕੀਤੀ ਜਾਵੇ। ਵਰਾਂਡੇ ਦੀਆਂ ਕੰਧਾਂ ਦੀ ਪੁਟਾਈ ਡੇਢ ਫੁੱਟ ਚੌੜੀ ਅਤੇ ਡੇਢ ਫੁੱਟ ਡੂੰਘੀ ਕੀਤੀ ਜਾਵੇ। ਵਰਾਂਡੇ ਦੇ ਆਰ.ਸੀ.ਸੀ. ਕਾਲਮ ਦੀ ਪੁਟਾਈ 4.5x4.5 ਫੁੱਟ ਚੌੜੀ ਅਤੇ 3 ਫੁੱਟ ਡੂੰਘੀ ਪੁੱਟੀ ਜਾਵੇ। ਜੇ ਹੇਠਲੀ ਜਮੀਨ ਭਰਤੀ ਵਾਲੀ ਹੋਵੇ ਤਾਂ ਡੂੰਘਾਈ ਵੱਧ ਕੀਤੀ ਜਾਵੇ ਅਤੇ ਨੀਂਹ ਸਖਤ ਜਗ੍ਹਾ ਤੇ ਹੀ ਰੱਖੀ ਜਾਵੇ।

**3. ਸੀਮਿੰਟ ਕੰਕਰੀਟ 1:8:16**

ਕਮਰੇ ਦੀਆਂ ਦੀਵਾਰਾਂ ਅਤੇ ਕਾਲਮਾਂ ਥੱਲੇ 9 ਇੰਚ ਮੋਟੀ ਕੰਕਰੀਟ 1:8:16 ਦੀ ਰੇਸ਼ੋ ਵਿੱਚ ਇੱਕ ਹਿੱਸਾ ਸੀਮਿੰਟ, 8 ਹਿੱਸੇ ਰੇਤਾ ਅਤੇ 16 ਹਿੱਸੇ 40 mm ਗੇਜ ਪੱਥਰ (ਗਟਕਾ) ਰਲਾ ਕੇ ਪਾਈ ਜਾਵੇ ਅਤੇ ਚੰਗੀ ਤਰ੍ਹਾਂ ਦੁਰਮਟ ਨਾਲ ਕੁਟਾਈ ਕੀਤੀ ਜਾਵੇ। ਸਾਰੇ ਕੰਮ ਆਈ.ਐਸ.ਆਈ. ਮਾਰਕਾ ਸੀਮਿੰਟ ਦੀ ਵਰਤੋਂ ਕੀਤੀ ਜਾਵੇ। ਵਾਟਰ ਲੈਵਲ ਕਰਕੇ ਰੋੜੀ ਦਾ ਲੈਵਲ ਸਮਤਲ ਕੀਤਾ ਜਾਵੇ।

**4. ਨੀਹਾਂ ਵਿੱਚ ਇੱਟਾਂ ਦੀ ਚਿਣਾਈ**

ਨੀਹਾਂ ਵਿੱਚ 1:7 ਸੀਮਿੰਟ, ਰੇਤ ਮਸਾਲੇ ਨਾਲ ਇੱਟਾਂ ਦੀ ਚਿਣਾਈ ਡੀ.ਪੀ.ਸੀ. ਬੀਮ ਤੱਕ ਅਤੇ ਉਸਤੋਂ ਉੱਪਰ 1:6 ਮਸਾਲੇ ਵਿੱਚ ਕੀਤੀ ਜਾਵੇ ਅਤੇ ਸਿਰਫ਼ ਅੱਵਲ ਦਰਜੇ ਦੀਆਂ ਇੱਟਾਂ ਹੀ ਵਰਤੀਆਂ ਜਾਣ ਜਿਨ੍ਹਾਂ ਦੀ ਕੰਪਰੈਸਿਵ ਸਟ੍ਰੈਂਥ 105 ਕਿੱਲੋਗ੍ਰਾਮ ਪ੍ਰਤੀ ਵਰਗ ਸੈਂਟੀਮੀਟਰ ਹੋਣੀ ਚਾਹੀਦੀ ਹੈ। ਇੱਟਾਂ ਵਰਤਣ ਤੋਂ ਪਹਿਲਾਂ ਉਹਨਾਂ ਦੀ ਚੰਗੀ ਤਰ੍ਹਾਂ ਤਰਾਈ ਕੀਤੀ ਜਾਵੇ

ਅਤੇ ਬਾਅਦ ਵਿੱਚ ਵੀ ਤਰਾਈ ਦਾ ਧਿਆਨ ਰੱਖਿਆ ਜਾਵੇ। ਚਿਣਾਈ ਵਿੱਚ ਤਿੰਨ ਇੱਟਾਂ ਦਾ ਇੱਕ ਰਦਾ, ਢਾਈ ਇੱਟ ਦਾ ਇੱਕ ਰਦਾ, ਦੋ ਇੱਟਾਂ ਦੇ ਦੋ ਰਦੇ, ਡੇਢ ਇੱਟ ਦੇ ਦੋ ਰਦੇ ਅਤੇ ਬਾਕੀ 9 ਇੰਚ ਦੀ ਚਿਣਾਈ ਕੀਤੀ ਜਾਵੇ। ਇੱਟ ਦੀ ਕਿਸ਼ਤੀ ਉਪਰ ਵੱਲ ਰੱਖੀ ਜਾਵੇ ਤਾਂ ਜੋ ਮਸਾਲੇ ਨਾਲ ਚੰਗੀ ਤਰ੍ਹਾਂ ਭਰੀ ਜਾ ਸਕੇ।

## 5. ਆਰ.ਸੀ.ਸੀ. ਕਾਲਮ

$1{:}1^1/_2{:}3$ ਰੇਸ਼ੋ ਵਿੱਚ ਆਰ.ਸੀ.ਸੀ. ਕਾਲਮ ਨਕਸ਼ੇ ਮੁਤਾਬਿਕ ਪੰਜ ਸੂਤ ਦੇ ਚਾਰ ਸਰੀਏ ਮੇਨ ਅਤੇ $2^1/_2$ ਸੂਤ ਦੇ ਰਿੰਗ 8" ਸੈਂਟਰ ਤੋਂ ਸੈਂਟਰ ਅਤੇ ਹੇਠਾਂ ਤਿੰਨ ਸੂਤ ਦੇ ਸਰੀਏ 8 ਇੰਚ ਸੈਂਟਰ ਤੋਂ ਸੈਂਟਰ ਦੋਵੇਂ ਪਾਸੇ ਜਾਲ ਪਾ ਕੇ 4x4 ਫੁੱਟ ਦੀ ਚੌਂਕੀ ਬਣਾ ਕੇ ਭਰੇ ਜਾਣ। ਕਾਲਮਾਂ ਦਾ ਮੇਨ ਸਰੀਆ ਫਰਸ਼ ਤੋਂ 11 ਫੁੱਟ $1^1/_2$" ਇੰਚ ਤੱਕ ਪਾਇਆ ਜਾਵੇ। ਇੱਕ ਕਮਰੇ ਵਿੱਚ ਚਾਰ ਵਰਟੀਕਲ ਪਿੱਲਰ 9 ਇੰਚ ਤੇ ਲਗਾਏ ਜਾਣ। ਆਈ.ਐਸ.ਆਈ. ਮਾਰਕ ਯੁਕਤ ਸਟੀਲ ਦੀ ਹੀ ਵਰਤੋਂ ਕੀਤੀ ਜਾਵੇ। ਕਾਲਮ ਗੋਲਾਕਾਰ ਵੀ ਬਣਾਏ ਜਾ ਸਕਦੇ ਹਨ। ਸੀਮਿੰਟ ਕਨਕਰੀਟ ਵਿੱਚ ਪਾਣੀ ਪਾਉਣ ਤੋਂ 30 ਮਿੰਟਾਂ ਦੇ ਅੰਦਰ-ਅੰਦਰ ਕਨਕਰੀਟ ਲੇਅ ਕਰ ਦਿੱਤੀ ਜਾਵੇ। ਸਰੀਆ ਟੀ.ਐਮ.ਟੀ. ਆਈ.ਐਸ.ਆਈ ਮਾਰਕਾ ਹੋਵੇ। ਇੱਟਾਂ ਜਾਂ ਫੱਟਿਆਂ ਦੀ ਕੱਚੀ ਸਟਰਿੰਗ ਦੀ ਵਰਤੋਂ ਨਾ ਕੀਤੀ ਜਾਵੇ ਕੇਵਲ ਸਟੀਲ ਸਟਰਿੰਗ ਦੀ ਵਰਤੋਂ ਕੀਤੀ ਜਾਵੇ।

## 6. ਫਰਸ਼ ਲੈਵਲ ਬੀਮ (Plinth Beam 9"x9") :

ਸਾਰੀਆਂ ਕੰਧਾਂ ਉੱਪਰ ਆਰ.ਸੀ.ਸੀ. 1:2:4 ਬੀਮ 4 ਸਰੀਏ 12mm ਅਤੇ ਰਿੰਗ 8mm ਛੇ ਇੰਚ ਸੈਂਟਰ ਤੋਂ ਸੈਂਟਰ ਵਾਟਰ ਪਰੂਫ ਕੰਪਾਊਂਡ ਪਾ ਕੇ ਬੀਮ ਪਾਈ ਜਾਵੇ। ਦੋਨੋਂ ਦਰਵਾਜ਼ਿਆਂ ਦੇ ਥੱਲੇ ਇਸਦਾ ਲੈਵਲ ਡੇਢ ਇੰਚ ਘੱਟ ਰੱਖਿਆ ਜਾਵੇ।

## 7. ਦਰਵਾਜ਼ਿਆਂ ਅਤੇ ਖਿੜਕੀਆਂ ਦੀਆਂ ਚੌਖਟਾਂ

ਇਹ ਸੀ.ਆਰ.ਸੀ. ਸ਼ੀਟ (steel) 18 guage ਸਮੇਤ ਬੈਰੇ, ਕਬਜੇ, ਸਿੰਗਲ ਰਿਬੇਟ ਦੀਆਂ ਤਿਆਰ ਕਰਵਾਈਆਂ ਜਾਣ ਅਤੇ ਫਿਕਸ ਕਰਨ ਤੋਂ ਪਹਿਲਾਂ ਉਹਨਾਂ ਵਿੱਚ 1:3:6 ਕੰਕਰੀਟ ਭਰੀ ਜਾਵੇ। ਗਰਿੱਲਾਂ ਐਮ.ਐਸ. ਚੌਰਸ ਸਰੀਆ 12 mm ਅਤੇ ਫਰੇਮ 20 mm x 5mm ਮੋਟੀ ਫਲੈਟ ਦੀ ਹੋਵੇ ਅਤੇ ਇਹ ਚੌਖਟਾਂ ਦੇ ਨਾਲ ਹੀ ਵੈਲਡ ਕੀਤੀ ਜਾਵੇ। ਚੋਗਾਠ ਦਾ ਸਾਈਜ਼ 151 mm x 60 mm ਹੋਵੇਗਾ। ਇਹ ਚੁਗਾਠਾਂ ਸਿੰਗਲ ਰਬੇਟ ਦੀਆਂ ਹੋਣਗੀਆਂ ਚੁਗਾਠਾਂ ਦਾ ਕੋਈ ਹਿੱਸਾ ਸੀਮਿੰਟ ਕੰਕਰੀਟ ਤੋਂ ਖਾਲੀ ਨਹੀਂ ਹੋਣਾ ਚਾਹੀਦਾ।ਨੱਥੀ ਡਰਾਇੰਗ ਅਨੁਸਾਰ ਪਿਛਲੀ ਖਿੜਕੀ ਦਾ ਭਾਰ, ਅਗਲੀ ਖਿੜਕੀ ਦਾ ਭਾਰ, ਅਤੇ ਦਰਵਾਜ਼ੇ ਦਾ ਭਾਰ ਉਪਰੋਕਤ ਅਨੁਸਾਰ ਚਾਹੀਦਾ ਹੈ। ਅੰਡਰ ਸਾਈਜ, ਅੰਡਰ ਵੇਟ ਖਿੜਕੀਆਂ ਲਗਾਉਣ ਦੀ ਇਜਾਜ਼ਤ ਨਹੀਂ ਹੈ। ਅਜਿਹੀ ਸੂਰਤ ਵਿੱਚ ਸਕੱਤਰ ਦੇ ਖਰਚੇ ਤੇ ਇਹ ਤਬਦੀਲੀ ਕੀਤੀ ਜਾਵੇ ਦਰਵਾਜੇ ਅਤੇ ਖਿੜਕੀਆਂ ਦੀ ਡਰਾਇੰਗ ਨੂੰ ਚੰਗੀ ਤਰ੍ਹਾਂ ਸਮਝ ਲਿਆ ਜਾਵੇ ਜੇਕਰ ਫਿਰ ਵੀ ਕਿਸੇ ਚੀਜ਼ ਦੀ ਸਮਝ ਨਹੀਂ ਆਉਂਦੀ ਤਾਂ ਐਸ.ਡੀ.ਈ./ਜੇ.ਈ. ਨੂੰ ਉਨ੍ਹਾਂ ਦੇ ਮੋਬਾਇਲ ਨੰਬਰ ਤੇ ਸਪੰਰਕ ਕਰਕੇ ਮਸਲੇ ਦਾ ਹੱਲ ਕਰ ਲਿਆ ਜਾਵੇ।

## 8. ਫਰਸ਼ ਲੈਵਲ ਤੋਂ ਉੱਪਰ ਇੱਟਾਂ ਦੀ ਚਿਣਾਈ

ਆਰ.ਸੀ.ਸੀ. ਪਲਿੰਥ ਬੀਮ ਪਾ ਕ ਉਸ ਉੱਪਰ ਇੱਟਾਂ ਦੀ ਚਿਣਾਈ 1:6 ਮਸਾਲੇ ਵਿੱਚ ਫਰਸ਼ ਤੋਂ 10 ਫੁੱਟ 6 ਇੰਚ ਕੀਤੀ ਜਾਵੇ। ਛੱਤ ਤੋਂ ਪਿੱਛੋਂ ਆਰ.ਬੀ.ਸੀ. ਉੱਪਰ ਡੇਢ ਫੁੱਟ ਉੱਚਾ ਪੈਰਾਪਿਟ(ਬਨੇਰਾ) ਬਣਾਇਆ ਜਾਵੇ।

## 9. ਆਰ.ਸੀ.ਸੀ. ਲਿੰਟਲ ਸੈਕਸ਼ਨ K-K (Door window level ਤੇ 8'-3" ਤੇ)

ਸਾਰੀਆਂ ਦੀਵਾਰਾਂ ਤੇ ਚਾਰੇ ਪਾਸੇ ਦੀਵਾਰਾਂ ਉੱਪਰ 9"x9" ਦਾ ਬੀਮ 12mm ਦੇ ਚਾਰ ਸਰੀਏ ਅਤੇ ਰਿੰਗ 8mm ਦੇ 6" C/c ਤੇ ਪਾਏ ਜਾਣ। ਵਰਾਂਡੇ ਵਿੱਚ 9"x12" ਆਰ.ਸੀ.ਸੀ. ਬੀਮ ਨਕਸ਼ੇ ਮੁਤਾਬਿਕ ਸਰੀਆ ਬੰਨ੍ਹ ਕੇ $1{:}1^1/_2{:}3$ ਸੀਮਿੰਟ ਕੰਕਰੀਟ ਪਾਈ ਜਾਵੇ। ਖਿੜਕੀਆਂ ਦੇ ਲਿੰਟਲ ਵਿੱਚ 2 ਸਰੀਏ 4 ਸੂਤ ਦੇ ਵਾਧੂ ਕਰੈਂਕ ਬਣਾ ਕੇ ਦਰਵਾਜੇ ਵਿੱਚ ਇੱਕ ਸਰੀਆ

12mm ф ਦਾ ਵਾਧੂ ਕਰੈਂਕ ਬਣਾ ਕੇ ਅਤੇ ਵਰਾਂਡੇ ਦੇ ਲਿੰਟਲ ਵਿੱਚ 16mm ਸੂਤ ਦੇ 5 ਹੇਠਾਂ ਜਿੰਨਾਂ ਵਿੱਚ 2 ਕਰੈਂਕ ਅਤੇ ਉਪਰ 12mm ф ਦੋ ਸਰੀਏ ਨਕਸ਼ੇ ਮੁਤਾਬਿਕ ਪਾਏ ਜਾਣ। ਰਿੰਗ $2^1/_2$ ਸੂਤ ਸਰੀਏ ਦੇ 6 ਇੰਚ ਸੈਂਟਰ ਤੋਂ ਸੈਂਟਰ ਪਾਇਆ ਜਾਵੇ। ਨਕਸ਼ੇ ਮੁਤਾਬਿਕ ਸਰੀਏ ਕਰੈਂਕ ਕਰਕੇ ਪਾਏ ਜਾਣ। ਖਿੜਕੀਆਂ ਦੇ ਛੇਤੇ ਵਾਸਤੇ ਸਰੀਆ ਨਕਸ਼ੇ ਅਨੁਸਾਰ ਬੀਮ ਵਿੱਚੋਂ ਹੀ ਬਾਹਰ ਵਧਾਇਆ ਜਾਵੇ।ਸਨਸੇਂਡ ਦੀ ਕੰਕਰੀਟ ਬੀਮ ਦੇ ਨਾਲ ਹੀ ਭਰੀ ਜਾਵੇ ਅਤੇ ਸੇਡ ਦਾ ਸਾਈਜ਼ 7 ਫੁੱਟ 6 ਇੰਚ × 1 ਫੁੱਟ 6 ਇੰਚ × ਸਾਢੇ 4 ਇੰਚ + 3 ਇੰਚ ਹੋਣਾ ਚਾਹੀਦਾ ਹੈ।

## 10. ਬਜਰੀ ਅਤੇ ਰੇਤਾ

ਕੰਕਰੀਟ ਵਿੱਚ ਬਜਰੀ 1/2 ਇੰਚ ਅਤੇ 3/8 ਇੰਚ ਮਿਕਸ ਕਰਕੇ ਵਰਤੀ ਜਾਵੇ। ਰੇਤਾ ਸੀਮਿੰਟ ਕਨਕਰੀਟ ਵਿੱਚ ਪਠਾਨਕੋਟ ਸੈਂਡ ਅਤੇ ਚਿਨਾਈ/ਪਲਸਤਰ ਵਿੱਚ ਨਹਿਰੀ/ਦਰਿਆਈ ਰੇਤੇ ਦੀ ਵਰਤੋਂ ਕੀਤੀ ਜਾਵੇ।

## 11. ਦੀਵਾਰਾਂ ਦੇ ਉੱਪਰ ਪਲਾਸਟਰ ਕਰਨਾ (Bearing Plaster)

ਸਲੈਬ ਪਾਉਣ ਤੋਂ ਪਹਿਲਾਂ ਕੰਧਾਂ ਉੱਪਰ 10mm ਮੋਟਾ 1:3 ਸੀਮਿੰਟ ਪਲਸਤਰ ਕੀਤਾ ਜਾਵੇ।

## 12. ਆਰ.ਸੀ.ਸੀ. ਸਲੈਬ

ਕੇਵਲ ਸਟੀਲ ਸ਼ਟਰਿੰਗ ਹੀ ਕੀਤੀ ਜਾਵੇ।ਢੂਲਾ ਕਰਨ ਵੇਲੇ ਗਾਡਰਾਂ ਦੇ ਸਿਰੇ ਕੰਧਾਂ ਵਿੱਚ ਨਾ ਧਰੇ ਜਾਣ। ਸਲੈਬ ਲੈਵਲ ਤੇ ਬਾਹਰਲੀਆਂ ਸਾਰੀਆਂ ਦੀਵਾਰਾਂ ਉੱਪਰ (ਬੀਮ) RCB 9"x9" 12mm ф ਦੇ ਛੇ ਸਰੀਏ ਅਤੇ ਰਿੰਗਜ਼ 6" C/c ਪਾਈ ਜਾਵੇ। ਸਲੈਬ ਵਿੱਚ 3 ਸੂਤ (10 ਐਮ.ਐਮ.) ਦਾ ਸਰੀਆ ਮੇਨ 5 ਇੰਚ ਸੈਂਟਰ ਤੋਂ ਸੈਂਟਰ, ਇੱਕ ਸਰੀਆ ਸਿੱਧਾ ਅਤੇ ਇੱਕ ਕਰੈਂਕ ਦੇ ਹਿਸਾਬ ਨਾਲ ਪਾਇਆ ਜਾਵੇ। ਸਰੀਏ ਦੀ ਡੱਬੀ 5"x9" ਦੀ ਹੋਵੇ। C ਸਰੀਆ ਟੌਪ 12 ਐਮ.ਐਮ. ਡਾਇਆ ਬੀਮਾਂ ਉੱਪਰ 7 ਫੁੱਟ ਲੰਬਾ ਅਤੇ ਸਾਈਡਾਂ ਤੇ 3½ ਫੁੱਟ ਲੰਬਾ ਜਿਵੇਂ ਨਕਸ਼ੇ ਵਿੱਚ ਦਰਸਾਇਆ ਗਿਆ ਹੈ, ਜਰੂਰ ਪਾਇਆ ਜਾਵੇ। ਕਮਰੇ ਵਿੱਚ 1 ਬੀਮ ਆਰ.ਸੀ.ਸੀ. 9"x17" ਪਾਈ ਜਾਵੇ ਜਿਸਦੀ ਲਮਕ 12" ਹੋਵੇ। ਬੀਮਾਂ ਵਿੱਚ 3 ਸਰੀਏ 6 ਸੂਤ ਅਤੇ 3 ਸਰੀਏ 5 ਸੂਤ ਦੇ ਹੇਠਲੇ ਪਾਸੇ ਪਾਏ ਜਾਣ ਅਤੇ 2 ਸਰੀਏ 5 ਸੂਤ ਦੇ ਉਪਰਲੇ ਪਾਸੇ ਪਾਏ ਜਾਣ। 40 ਰਿੰਗਜ਼ $2^1/_2$ ਸੂਤ ਦੇ ਇੱਕ ਬੀਮ ਵਿੱਚ ਪਾਏ ਜਾਣ। ਬੀਮਾਂ ਵਿਚਲੇ ਹੇਠਲੇ ਛੇ ਵਿੱਚੋਂ ਤਿੰਨ ਸਰੀਏ ਕਰੈਕ ਕੀਤੇ ਜਾਣ। ਬੀਮਾਂ ਨੂੰ $^3/_4$" ਦਾ ਕੈਂਬਰ (ਚੱਕ) ਦਿੱਤਾ ਜਾਵੇ। ਪੱਥਰ ਦੀਆਂ ਗਿੱਟੀਆਂ ਦਿੱਤੀਆਂ ਜਾਣ ਤਾਂ ਕਿ ਸਰੀਏ ਨੀਚੇ ਬਜਰੀ ਦਾ ਪ੍ਰੋਪਰ ਕਵਰ ਆ ਸਕੇ। ਸਰੀਆ ਬੰਨ੍ਹ ਕੇ ਬਿਜਲੀ ਦੀਆਂ ਪਾਈਪਾਂ ਨਕਸ਼ੇ ਮੁਤਾਬਿਕ ਪਾਈਆਂ ਜਾਣ। ਕਨਕਰੀਟ ਦੀ ਸਲੈਬ ਪਾਉਣ ਸਮੇਂ ਫੈਨ ਜੰਕਸ਼ਨ ਬੌਕਸ ਉੱਪਰ ਕੰਕਰੀਟ ਦੇ ਕਵਰ ਦਾ ਖਾਸ ਧਿਆਨ ਰੱਖਿਆ ਜਾਵੇ। ਸਲੈਬ ਦੀ ਮੋਟਾਈ 5" ਰੱਖੀ ਜਾਵੇ।

## 13. ਛੱਤ ਦੀ ਕੰਕਰੀਟ

ਸਰੀਆ ਬੰਨ੍ਹਣ ਦਾ ਕੰਮ ਛੱਤ ਪਾਉਣ ਤੋਂ ਇੱਕ ਦਿਨ ਪਹਿਲਾਂ ਮੁਕੰਮਲ ਕਰ ਲਿਆ ਜਾਵੇ ਅਤੇ ਕੰਕਰੀਟ $1:1^1/_2:3$ ਰੇਸ਼ੋ (ਇੱਕ ਹਿੱਸਾ ਸੀਮਿੰਟ, ਡੇਢ ਹਿੱਸਾ ਪਠਾਟਕੋਟ ਰੇਤਾ ਅਤੇ ਤਿੰਨ ਹਿੱਸੇ ਬਜਰੀ) ਵਿੱਚ ਮਿਕਸਚਰ ਨਾਲ ਪਾਈ ਜਾਵੇ। ਵਾਈਬਰੇਟਰ ਦੀ ਵਰਤੋਂ ਜ਼ਰੂਰ ਕੀਤੀ ਜਾਵੇ। ਕੰਕਰੀਟ ਵਿੱਚ ਪਾਣੀ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ। ਕਨਕਰੀਟ ਦੀ ਸਲੈਬ ਲੇਅ ਕਰਨ ਦੀ ਤਾਰੀਖ ਜ਼ਰੂਰ ਲਿਖੀ ਜਾਵੇ ਅਤੇ ਇਸਦੀ ਕਿਊਰਿੰਗ (ਤਰਾਈ) ਘੱਟ ਤੋਂ ਘੱਟ ਦੋ ਹਫ਼ਤੇ ਜਰੂਰ ਕੀਤੀ ਜਾਵੇ। ਸੀਮਿੰਟ ਕਨਕਰੀਟ ਵਿੱਚ ਪਾਣੀ ਪਾਉਣ ਤੋਂ 30 ਮਿੰਟਾਂ ਦੇ ਅੰਦਰ ਅੰਦਰ ਕਨਕਰੀਟ ਲੇਅ ਕਰ ਦਿੱਤੀ ਜਾਵੇ। ਕੰਕਰੀਟ ਬੱਠਲਾਂ ਨਾਲ ਲੇਅ ਕੀਤੀ ਜਾਵੇ, ਰੇਹੜੀ ਦੀ ਵਰਤੋਂ ਬਿਲਕੁਲ ਨਹੀਂ ਕਰਨੀ।ਸਰੀਆ ਸਬੰਧਿਤ ਬਲਾਕ ਦੇ ਜੀ.ਈ. ਪਾਸੋ ਚੈਂਕ ਕਰਵਾ ਕੇ ਹੀ ਸਲੈਬ ਦੀ ਕੰਕਰੀਟਿੰਗ ਸ਼ੁਰੂ ਕੀਤੀ ਜਾਵੇ।

## 14. ਪਲਸਤਰ ਦਾ ਕੰਮ

ਕੰਧਾਂ ਉੱਪਰ ਪਲਸਤਰ ਦਾ ਕੰਮ 1:4 ਮਸਾਲੇ ਵਿੱਚ ਕੀਤਾ ਜਾਵੇ ਅਤੇ ਜਿੱਥੇ ਕੰਕਰੀਟ ਅਤੇ ਚਿਣਾਈ ਦਾ ਜੋੜ ਹੋਵੇ, ਉਥੇ ਗਰੂਵ (ਝਿਰੀ) ਜ਼ਰੂਰ ਲਾਈ ਜਾਵੇ।ਦੋ ਝਿਰੀਆਂ ਡੀ.ਪੀ.ਸੀ. ਬੀਮ, ਦੋ ਝਿਰੀਆਂ ਡੋਰ ਲੈਵਲ ਬੀਮ ਅਤੇ ਦੋ ਝਿਰੀਆਂ ਸਲੈਬ ਬੀਮ ਬਿਲਡਿੰਗ ਦੇ ਬਾਹਰਵਾਰ ਮਾਰਨੀਆਂ ਹਨ।ਵਰਟੀਕਲ ਪਿੱਲਰ ਦੀਆਂ ਝਿਰੀਆਂ ਵੀ ਮਾਰੀਆਂ ਜਾਣ। ਨਹਿਰੀ/ਦਰਿਆਈ ਰੇਤਾ ਛਾਣ ਕੇ ਹੀ ਪਲਸਤਰ ਦਾ ਕੰਮ ਕੀਤਾ ਜਾਵੇ।

## 15. ਟਾਈਲ ਟੈਰੇਸਿੰਗ

ਛੱਤਾਂ ਉਪਰ ਠੰਡੀ ਲੁੱਕ ਦੇ ਦੋ ਕੋਟ 1.65 ਕਿੱਲੋ ਪ੍ਰਤੀ ਸਕਵੇਅਰ ਮੀਟਰ ਦੇ ਹਿਸਾਬ ਨਾਲ ਕੀਤੇ ਜਾਣ ਅਤੇ 1 ਇੰਚ ਗਾਰਾ ਅਤੇ 3 ਇੰਚ ਮਿੱਟੀ ਅਤੇ ਦੂਜੀ ਲੇਅਰ 1 ਇੰਚ ਗਾਰੇ ਉੱਪਰ ਪਾ ਕੇ ਪ੍ਰੌਪਰ ਢਾਲ ਬਣਾ ਕੇ ਟਾਈਲਾਂ ਦਾ ਫਰਸ਼ ਲਾਇਆ ਜਾਵੇ। ਜੋੜ 1:4 ਮਸਾਲੇ ਨਾਲ ਭਰੇ ਜਾਣ। ਇਸ ਕੰਮ ਨੂੰ ਪਹਿਲ ਦੇ ਅਧਾਰ ਤੇ ਕੀਤਾ ਜਾਵੇ ਤਾਂ ਜੋ ਬਰਸਾਤ ਜਾਂ ਮੌਸਮ ਦੇ ਬਦਲਾਓ ਕਾਰਨ ਆਰ.ਸੀ.ਸੀ. ਸਲੈਬ ਨੂੰ ਕੋਈ ਨੁਕਸਾਨ ਨਾ ਹੋਵੇ। ਪਾਣੀ ਦੀ ਢਾਲ ਮਿੱਟੀ ਵਿੱਚ ਬਣਾਈ ਜਾਵੇ ਪਰਨਾਲੇ ਵਾਲੇ ਪਾਸੇ 3 ਇੰਚ ਅਤੇ ਦੂਜੇ ਪਾਸੇ 5 ਇੰਚ ਮਿੱਟੀ ਪਾਈ ਜਾਵੇ।

## 16. ਫਰਸ਼

4 ਇੰਚ ਰੇਤਾ ਅਤੇ 4 ਇੰਚ ਕੰਕਰੀਟ 1:8:16 with 40mm guage ਗਟਕਾ ਪਾ ਕੇ 20 ਤੋਂ 30 mm ਮੋਟਾ 2'x2" ਸਾਈਜ਼ ਦੇ ਕੋਟਾ ਸਟੋਨ ਦੇ ਫਰਸ਼ ਲਾਏ ਜਾਣ ਬਾਅਦ ਵਿੱਚ ਕੋਟਾ ਸਟੋਨ ਦੀ ਰਗਰਾਈਡ ਕਰਕੇ ਪਾਲਸ ਕੀਤੀ ਜਾਵੇ। ਪੂਰੀਆਂ ਰਗੜਾਈਆਂ ਕੀਤੀਆਂ ਜਾਣ ਅਤੇ ਬਾਅਦ ਵਿੱਚ ਮੈਨਸੂਨ ਪਾਲਿਸ ਕੀਤਾ ਜਾਵੇ ਇਹ ਫਰਸ਼ਾਂ ਦੀ ਲੁਆਈ ਦਾ ਕੰਮ ਕੇਵਲ ਪੱਥਰ ਲਗਾਉਣ ਵਾਲੇ ਮਿਸਤਰੀਆਂ ਪਾਸੋਂ ਹੀ ਕਰਵਾਇਆ ਜਾਵੇ। ਕਮਰੇ ਅਤੇ ਬਰਾਂਡੇ ਵਿੱਚ 4 ਇੰਚ ਉਚੀ 12.5 mm ਮੋਟੀ ਸਕਰਟਿੰਗ ਵੀ ਲਗਾਈ ਜਾਵੇ।

## 17. ਦਰਵਾਜ਼ੇ

ਦਰਵਾਜੇ 2 ਨੰਬਰ ਆਕਾਰ 3'-6" x 6' – 9" ਸੌਲਿਡ ਫਲੱਸ਼ ਡੋਰ 35 ਐਮ.ਐਮ. ਥਿੱਕ ਫੈਕਟਰੀ ਮੇਡ ਦੇ ਲਗਾਏ ਜਾਣ ਅਤੇ ਉਪਰ 1' – 6" ਰੋਸ਼ਨਦਾਨ ਵਿੱਚ ਗਰਿਲ ਅਤੇ ਸ਼ੀਸ਼ਾ ਲਗਾਇਆ ਜਾਵੇ।

## 18. ਖਿੜਕੀਆਂ ਅਤੇ ਰੋਸ਼ਨਦਾਨ

ਐਡੀਸ਼ਨਲ ਕਲਾਸਰੂਮ ਲਈ 2 ਨੰਬਰ ਖਿੜਕੀਆਂ ਆਕਾਰ 6'x5'3" ਅਤੇ ਵਰਾਂਡੇ ਵਿੱਚ 2 ਖਿੜਕੀਆਂ 4'x5"3' ਦੀਆਂ pressed steel ਚੋਖਟ ਵਿੱਚ ਲੋਹੇ ਦੇ 2'×1' ਕਾਲਰ ਪਾਈਪ ਪੱਲੇ ਲਗਾਏ ਜਾਣ ਅਤੇ ਟੀ-ਸੈਕਸ਼ਨ ਵੈਲਡ ਕਰਕੇ ਸ਼ੀਸ਼ੇ ਦਾ ਸਾਇਜ਼ ਆਮ ਮੁਤਾਬਕ ਕੀਤਾ ਜਾਵੇ ਤਾਂ ਜੋ ਸ਼ੀਸ਼ੇ ਟੁੱਟਣ ਦੀ ਸੂਰਤ ਵਿੱਚ ਘੱਟ ਲਾਗਤ ਤੇ ਸ਼ੀਸ਼ਾ ਬਦਲਿਆ ਜਾ ਸਕੇ ਅਤੇ ਰੋਸ਼ਨੀ ਆ ਸਕੇ। **ਚੋਗਾਠ ਦਾ ਸਾਈਜ਼ 151 mm x 60 mm ਦਾ ਹੋਵੇਗਾ।** ਇਹ ਚੁਗਾਠ ਸਿੰਗਲ ਰਬੇਟ ਦੀ ਹੋਵੇਗੀ ਸਕੂਲਾਂ ਵਿੱਚ ਸ਼ੀਸ਼ੇ ਆਮ ਤੌਰ ਤੇ ਟੁੱਟਦੇ ਹਨ ਇਸ ਲਈ ਖਿੜਕੀਆਂ ਦੇ ਬਾਹਰ 1'×1' 16 ਗੇਜ਼ ਦੀ ਵਿਲਡਮੈਸ਼ ਲਗਾਈ ਜਾਵੇ ਅਤੇ ਇਹ ਵਿਲਡਮੈਸ਼ ਖਿੜਕੀ ਦੀ ਚੁਗਾਂਠ ਅਤੇ 12.5 mm ਚੋਰਸ ਸਰੀਏ ਗਰਿੱਲ ਨਾਲ ਵਖਵਾ ਪਾ ਕੇ ਵੈਲਡ ਕੀਤੀ ਜਾਵੇ।

## 19. ਸੀ.ਆਈ.ਜਾਂ ਪੀ.ਵੀ.ਸੀ ਹੈਵੀ ਡਿਊਟੀ ਪਾਈਪ

ਛੱਤ ਦੇ ਪਾਣੀ ਦੇ ਨਿਕਾਸ ਲਈ ਦੋ, ਚਾਰ ਇੰਚ, ਡਾਇਆ ਦੀਆਂ ਪੀ.ਵੀ.ਸੀ. ਪਾਈਪਾਂ (ਪਰਨਾਲਾ) ਲਗਾਇਆ ਜਾਵੇ। ਟੌਪ ਖੁਰਾ 2'×2' ਫੁੱਟ ਅਤੇ ਹੇਠਲਾ ਖੁਰਾ 4'×2' ਫੁੱਟ ਬਣਾਇਆ ਜਾਵੇ। ਛੱਤ ਉੱਪਰ ਲੁੱਕ ਪਾਉਣ ਤੋਂ ਪਹਿਲਾਂ ਪੈਰਾਪਿੱਟ ਦੇ ਨਾਲ ਨਾਲ 1:2:4 ਕੰਕਰੀਟ ਦਾ 4 ਇੰਚ ਡਾਇਆ ਚੌਥਾਈ ਆਕਾਰ ਦਾ ਗੋਲਾ ਬਣਾਇਆ ਜਾਵੇ।

## 20. ਰੈਂਪ

ਰੈਂਪ ਦੀ ਚੌੜਾਈ 4 ਫੁੱਟ ਅਤੇ ਸਲੋਪ/ਢਾਲ 1:12, ਹੈਂਡ ਰੇਲ 2.75 ਫੁੱਟ ਉੱਚੀ 40 mm φ ਪਾਈਪ ਦੇ ਉੱਪਰ 40mm φ ਜੀ.ਆਈ. ਪਾਈਪ ਡਬਲ ਰੇਲਿੰਗ ਨਕਸ਼ੇ ਮੁਤਾਬਿਕ ਅਤੇ ਫਰਸ਼ 250x250mm ਸਾਈਜ਼ ਦੀਆਂ 20mm ਮੋਟੀਆਂ ਐਂਟੀ ਸਕਿੱਡ ਟਾਈਲਾਂ ਦਾ ਲਾਇਆ ਜਾਵੇ। ਜੇਕਰ ਜ਼ਮੀਨੀ ਪੱਧਰ ਤੋਂ ਫਰਸ਼ ਦੀ ਉਚਾਈ 1 ਫੁੱਟ ਹੈ ਤਾਂ ਰੈਂਪ ਦੀ ਲੰਬਾਈ 12 ਫੁੱਟ ਹੋਵੇਗੀ ਜੇਕਰ ਫਰਸ਼ ਦੀ ਉਚਾਈ ਡੇਢ ਫੁੱਟ ਹੋਵੇਗੀ ਤਾਂ ਰੈਂਪ ਦੀ ਲੰਬਾਈ 18 ਫੁੱਟ ਹੋਵੇਗੀ।

## 21. ਆਇਲ ਬਾਊਂਡ ਡਿਸਟੈਂਪਰ

ਕਮਰੇ ਅੰਦਰ ਦੀਵਾਰਾਂ ਅਤੇ ਛੱਤ ਦਾ ਹੇਠਲਾ ਹਿੱਸਾ ਸਮੇਤ ਬੀਮ ਸਾਈਡ ਤੇ ਰੇਗਮਾਰ ਲਾ ਕੇ ਬਿਰਲਾ ਕੰਪਨੀ ਦੀ ਰੈਡੀਮੇਡ ਪੁੱਟੀ ਦੀ ਫਿਲਿੰਗ ਕਰਕੇ ਦੋ ਕੋਟ ਆਇਲ ਬਾਊਂਡ ਡਿਸਟੈਂਪਰ ਪੇਲ ਕਰੀਮ ਦੇ (ਆਈ.ਐਸ.ਆਈ. ਮਾਰਕਾ ਕੰਪਨੀ) ਦੇ ਕੀਤੇ ਜਾਣ। ਕਲਾਸ ਰੂਮ ਦੇ ਬਾਹਰਵਾਰ ਬੀਮ ਪੋਰਸ਼ਨ ਵਿੱਚ ਬਰਾਊਨ ਅਤੇ ਬਾਕੀ ਵਿੱਚ ਪੇਲ ਕਰੀਮ ਰੰਗ ਕੀਤਾ ਜਾਵੇ। ਦਰਵਾਜੇ ਅਤੇ ਖਿੜਕੀਆਂ ਦਾ ਰੰਗ ਸਮੋਗਰੇ ਜਾਂ ਗੋਲਡਨ ਬਰਾਊਨ ਕੀਤਾ ਜਾਵੇ।

## 22. ਪੇਂਟ

ਦਰਵਾਜੇ ਅਤੇ ਖਿੜਕੀਆਂ ਨੂੰ ਰੇਗਮਾਰ ਲਾ ਕੇ ਵ੍ਹਾਈਟ ਲੈੱਡ ਲਿਨਸੀਡ ਆਇਲ, ਵਾਰਨਿਸ਼, ਚਾਕ ਮਿੱਟੀ ਨਾਲ ਫਿਲਿੰਗ ਕਰਕੇ ਪ੍ਰਾਈਮਰ ਏਸ਼ੀਅਨ, ਨੈਰੋਲੈਕ ਆਦਿ ਕੰਪਨੀ ਦੇ ਕਰਕੇ ਆਈ.ਐਸ.ਆਈ. ਮਾਰਕਾ ਪੇਂਟ ਦੇ ਦੋ ਕੋਟ ਕੀਤੇ ਜਾਣ।ਪ੍ਰਾਈਮਰ ਕਰਨ ਤੋਂ ਪਹਿਲਾ ਦਰਵਾਜੇ ਤੇ ਪੇਂਟ ਪੁੱਟੀ ਦੀ ਵਰਤੋਂ ਕਰਕੇ ਸਰਫਿਸ ਬਿਲਕੁੱਲ ਸਮੂਥ ਕੀਤੀ ਜਾਵੇ।

## 23. ਪਲਿੰਥ ਪ੍ਰੋਟੈਕਸ਼ਨ

ਪਲਿੰਥ ਪ੍ਰੋਟੈਕਸ਼ਨ 2.50 ਫੁੱਟ ਚੌੜੀ ਪ੍ਰੀ-ਕਾਸਟ ਚੱਕਰਡ ਟਾਈਲਾਂ 20 mm thick/ 3" thick PCC 1:1.50:3 ਦੀ ਲਾਈ ਜਾਵੇ। ਟਾਈਲਾਂ ਲਾਉਣ ਤੋਂ ਪਹਿਲਾਂ ਹੇਠਾਂ ਬੇਸ ਕੋਰਸ 1:4:8 ਸੀਮਿੰਟ ਕਨਕਰੀਟ ਦਾ 4 ਇੰਚ ਮੋਟਾ ਪਾਇਆ ਜਾਵੇ।

## 24. ਸੀਲਿੰਗ ਫੈਨ

ਐਡੀਸ਼ਨਲ ਕਲਾਸਰੂਮ ਵਿੱਚ 4 ਨੰਬਰ 48 ਇੰਚ, ਆਈ.ਐਸ.ਆਈ. ਕੰਪਨੀ ਦੇ ਸੀਲਿੰਗ ਫੈਨ ਲਾਏ ਜਾਣ। ਦੇਸੀ/ਲੋਕਲ ਮੇਡ ਪੱਖੇ ਲਗਾਉਣ ਦੀ ਇਜਾਜ਼ਤ ਨਹੀਂ ਹੈ।

## 25. ਐਡੀਸ਼ਨਲ ਕਲਾਸਰੂਮ

ਐਡੀਸ਼ਨਲ ਕਲਾਸਰੂਮ ਦੀ ਲਾਗਤ ਵਿੱਚੋਂ 70,000/- ਰੁਪਏ ਵਿੱਚੋਂ ਡਿਊਲ ਡੈਸਕ ਅਤੇ ਹੋਰ ਢੁੱਕਵਾਂ ਫਰਨੀਚਰ ਵਿਦਿਆਰਥੀਆਂ ਲਈ ਸਕੂਲ ਵਿੱਚ ਬਕਾਇਦਾ ਕਮੇਟੀ ਬਣਾ ਕੇ ਨਿਯਮਾਂ ਅਨੁਸਾਰ ਖਰੀਦ ਲਿਆ ਜਾਵੇ।

## 26. ਕੁਆਲਿਟੀ ਕੰਟਰੋਲ

ਉਸਾਰੀ ਦਾ ਕੰਮ ਥਰਡ ਪਾਰਟੀ ਚੈਕਿੰਗ ਟੀਮ ਵਲੋਂ 4 ਵਾਰ ਚੈਕ ਕੀਤਾ ਜਾਵੇਗਾ।ਇਸ ਲਈ ਉਸਾਰੀ ਦਾ ਕੰਮ ਨਕਸ਼ੇ ਅਤੇ ਸਪੇਸੀਕੇਸ਼ਨ ਮੁਖ ਰੱਖ ਕੇ ਹੀ ਕੀਤਾ ਜਾਵੇ।ਘਟੀਆ ਕੰਮ ਕਰਨ ਵਾਲੇ ਸਕੱਤਰ ਦੀ ਨਿੱਜੀ ਜਿੰਮੇਵਾਰੀ ਫਿਕਸ ਕਰਦੇ ਹੋਏ ਅਨੁਸਾਸ਼ਨੀ ਕਾਰਵਾਈ ਵੀ ਕੀਤੀ ਜਾਵੇਗੀ।

## 27. ਖਿੜਕੀਆਂ ਅਤੇ ਦਰਵਾਜਿਆਂ ਨੂੰ ਫਿਕਸ ਕਰਨ ਬਾਰੇ

ਖਿੜਕੀਆਂ ਕਮਰੇ ਦੇ ਅੰਦਰਵਾਰ 12.5 mm ਸੀਮਿੰਟ ਪਲਸਤਰ ਦਾ ਹੱਕ ਰੱਖ ਕੇ ਲਗਾਈਆਂ ਜਾਣ ਤਾਂ ਜੋ ਪੱਲਾ ਖੁੱਲਣ ਸਮੇਂ ਬੱਚਿਆਂ ਦੇ ਸਿਰ ਵਿੱਚ ਨਾ ਲੱਗੇ ਅਤੇ ਦੀਵਾਰ ਨਾਲ ਲੱਗ ਸਕੇ। ਇਸ ਤਰ੍ਹਾਂ ਦਰਵਾਜੇ ਬਾਹਰ ਤੇ ਫਲੱਸ ਲਗਾਏ ਜਾਣ।

## *ਅ) ਟੁਆਇਲਟ ਬਲਾਕ (ਲਾਗਤ 2.75/1.97 ਲੱਖ ਰੁਪਏ)*

***ਦਿਸ਼ਾ ਨਿਰਦੇਸ਼ ਹੇਠ ਅਨੁਸਾਰ ਹਨ:***

1. ਟੁਆਇਲਟ ਬਲਾਕ ਲਾਗਤ 2.75 ਲੱਖ ਰੁਪਏ ਵਿੱਚ ਇੱਕ ਲੜਕੀਆਂ ਦਾ ਟੁਆਇਲਟ (4'-9"×10'-9"), ਇੱਕ ਲੜਕਿਆਂ ਦਾ ਟੁਆਇਲਟ (4'-9"×10'-9") ਅਤੇ ਇੱਕ ਹੈਡੀਕੈਪ ਟੁਆਇਲਟ (6'-0"×7'-0") ਬਣਾਏ ਜਾਣੇ ਹਨ।ਯੂਰੀਨਲਸ ਡਰਾਇੰਗ ਦੇ ਮੁਤਾਬਿਕ ਹੋਣੇ ਚਾਹੀਦੇ ਹਨ।

2 ਟੁਆਇਲਟ ਬਲਾਕ ਲਾਗਤ 1.97 ਲੱਖ ਰੁਪਏ ਵਿੱਚ ਇੱਕ ਲੜਕੀਆਂ ਦਾ ਟੁਆਇਲਟ (4'-9"×10'-9") ਅਤੇ ਇੱਕ ਹੈਡੀਕੈਪ ਟੁਆਇਲਟ ਅੰਦਰੂਨੀ ਆਕਾਰ (6'-0"×7'-0") ਬਣਾਏ ਜਾਣੇ ਹਨ।ਯੂਰੀਨਲਸ ਡਰਾਇੰਗ ਦੇ ਮੁਤਾਬਿਕ ਹੋਣੇ ਚਾਹੀਦੇ ਹਨ।

3. ਦਰਵਾਜਿਆਂ ਦਾ ਅਕਾਰ Handicapped ਵਿਦਿਆਰਥੀਆਂ ਵਾਲੇ ਟਾਇਲਟ ਵਿੱਚ 3'-6"×8'-3" ਸਮੇਤ ਰੋਸ਼ਨਦਾਨ ਹੈ। ਇਹ ਦਰਵਾਜਾ ਅੰਦਰ ਬਾਹਰ ਦੋਨੋਂ ਪਾਸੇ ਖੁੱਲਣਾ ਚਾਹੀਦਾ ਹੈ ਤਾਂ ਕਿ ਵੀਹਲ ਚੇਅਰ ਅਸਾਨੀ ਨਾਲ ਅੰਦਰ ਬਾਹਰ ਆ ਜਾ ਸਕੇ। ਲੜਕੀਆਂ ਅਤੇ ਲੜਕਿਆਂ ਦੇ ਟੁਆਇਲਟ ਦੇ ਦਰਵਾਜੇ D1 ਦਾ ਆਕਾਰ 3'-0"×8'-3" ਅਤੇ D2 ਦਾ ਆਕਾਰ 2'-6"×6'-9" ਹੈ। ਇਹ ਦਰਵਾਜੇ ਪ੍ਰੈਸਡ ਸਟੀਲ ਦੇ ਬਣਾਉਣੇ ਹਨ। ਲੜਕੀਆਂ ਅਤੇ ਲੜਕਿਆਂ ਦੇ ਟੁਆਇਲਟ ਵਿੱਚ ਇੱਕ ਸੀਟ ਉੜੀਸਾ ਟਾਇਪ ਲਗਾਈ ਜਾਵੇ ਅਤੇ ਵਾਸ਼ ਬੇਸਿਨ ਵੀ ਲਗਾਇਆ ਜਾਵੇ।

4. ਰੈਪ ਚੋੜਾਈ 4' ਅਤੇ ਢਾਲ (Slope) 1:12 ਹੈਂਡ ਰੇਲ ਸਮੇਤ ਸਪੈਸੀਫਿਕੇਸ਼ਨ ਮੁਤਾਬਿਕ ਹੈਂਡੀਕੇਪਡ ਬੱਚਿਆਂ ਲਈ। ਹੈਂਡ ਰੇਲ ਦਾ ਰੰਗ ਲਾਲ ਹੋਵੇ।

5. ਫਰਸ਼ ਗਲੇਜ਼ਡ ਟਾਇਲਾਂ ਅਤੇ ਦੀਵਾਰਾਂ ਤੇ 6.75 ਫੁੱਟ ਉਚਾਈ ਤੱਕ ਟਾਇਲਾ ਲਾਈ ਜਾਣ।

6. ਟੁਆਇਲਟ ਬਲਾਕ ਤੇ 500 ਲੀਟਰ ਕਪੈਸਟੀ ਆਈ.ਐਸ.ਆਈ ਮਾਰਕਾ ਪੀ.ਵੀ.ਸੀ ਟੈਂਕ ਦੀ ਵਿਵਸਥਾ ਕੀਤੀ ਹੈ।

7. ਲੋੜ ਮੁਤਾਬਿਕ ਸੈਪਟਿਕ ਟੈਂਕ ਵੀ ਬਣਾਇਆ ਜਾਵੇ।

8. ਪੀਣ ਵਾਲੇ ਪਾਣੀ ਲਈ ਬੱਚਿਆਂ ਦੇ ਪਾਣੀ ਪੀਣ ਵਾਸਤੇ ਸਟੋਰੇਜ ਟੈਂਕ ਕਮ ਵੈਟਰੀ ਆਫ ਟੈਪਸ ਦੀ ਵਿਵਸਥਾ ਕੀਤੀ ਜਾਵੇਗੀ। ਟੈਪਸ ਦੀ ਉਚਾਈ ਬੱਚਿਆਂ ਦੀ ਉਚਾਈ ਅਨੁਸਾਰ ਰੱਖੀ ਜਾਵੇ।

9. ਲੜਕੇ ਅਤੇ ਲੜਕੀਆਂ ਦੀ ਟੁਆਇਲਟ ਬਲਾਕ ਵਿੱਚ ਇੱਕ ਇੱਕ ਸਟੈਂਡਰਡ ਕੁਆਲਿਟੀ ਦੀ ਚਾਇਨਾ ਵੇਅਰ ਵਿਟਰਸ ਚਿੱਟੀ ਉੜੀਸਾ ਟਾਈਪ ਵਾਟਰ ਕਲੋਜਿਟ ਇੰਡੀਅਨ ਡਬਲਯੂ ਸੀ 580 ਐਮ ਐਮ, (23") ਅਤੇ ਆਈ ਐਸ ਆਈ ਮਾਰਕਡ ਹੋਵੇ। ਸਮੇਤ ਲੋੜੀਂਦੀਆਂ ਫਿਕਸ਼ਚਰਜ਼ ਹੋਵੇ ਜਿਵੇ ਸਿਸਟਰਨ, ਫਲੱਸ਼ ਪਾਈਪ, ਓਵਰ ਫਲੋ ਪਾਈਪ, ਪੀ ਟਰੈਪ ਅਤੇ ਐਬਲੈਸ਼ਨ ਟੈਪ ਆਦਿ।

10. ਹੈਂਡੀਕੈਪ ਬੱਚਿਆਂ ਦੇ ਟੁਆਇਲਟ ਬਲਾਕ ਵਿੱਚ ਇੱਕ ISI ਕੁਆਲਿਟੀ ਦੀ ਚਾਇਨਾ ਵੇਅਰ ਚਿੱਟੀ ਯੂਰਪੀਅਨ ਟਾਇਪ ਵਾਟਰ ਕਲੋਜਿਟ (ਈ ਡਬਲਯੂ ਸੀ) ਸਮੇਤ ਸਾਰੀਆਂ ਲੋੜੀਦੀਆਂ ਫਿੰਟਿਗ ਜਿਵੇ ਸੀਟ ਕਵਰ, ਪੀ ਜਾਂ ਐਸ

ਟਰੈਪ ਜੋ ਡਾਊਨ ਸਿਸਟਰਨ ਆਦਿ ਲਗਾਈਆ ਜਾਣ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਹੈਡੀਕੈਪਟ ਟਾਇਲਟ ਵਿੱਚ ਐਮਰਜੈਂਸੀ ਘੰਟੀ ਲਗਾਈ ਜਾਵੇ।

11. ਲੜਕੇ ਅਤੇ ਲੜਕੀਆਂ ਅਤੇ ਹੈਡੀਕੈਪ ਬੱਚਿਆਂ ਦੇ ਟੁਆਇਲਟ ਬਲਾਕ ਵਿੱਚ ਇੱਕ ਇੱਕ ਸਟੈਂਡਰਡ ਕੁਆਇਲਟੀ ਦਾ ਲੈਵਬਟਰੀ ਸੂਟ (ਡਬਲਯੂ.ਐਚ.ਬੀ) ਸਾਇਜ਼ 450×300 ਐਮ ਐਮ (18"×12") ਅਤੇ ਆਈ ਐਸ ਆਈ ਮਾਰਕਡ ਹੋਵੇ ਸਮੇਤ ਸਾਰੀਆਂ ਲੋੜੀਂਦੀਆਂ ਫਿਟਿੰਗਜ ਜਿਵੇ 2 ਨੰਬਰ ਪਿਲਰ ਟੈਪਜ਼ ਐਮ ਐਸ ਐਗਲ ਆਇਰਨ, ਵੈਸਟ ਪਾਇਪ ਸੀ ਪੀ ਵੈਸਟ ਫਿਟੰਗਜ ਕੰਨਫੋਰਮਿੰਗ ਟੂ ਆਈ ਐਸ ਆਈ। Grab ਬਾਰ ਦਾ ਰੰਗ ਪੀਲਾ ਹੋਣਾ ਚਾਹੀਦਾ ਹੈ।

12. ਲੜਕਿਆਂ ਦੇ ਟੁਆਇਲਟ ਵਿੱਚ ਇੱਕ ISI ਕੁਆਇਲਟੀ ਦਾ ਇੰਡੀਅਨ ਮੇਕ ਫਲੈਟ ਬੈਕ ਲਿਪ ਟਾਈਪ ਚਿੱਟੇ ਤਿੰਨ ਯੂਰੀਨਲ ਪੋਟ ਬੱਚਿਆਂ ਦੀ ਉਚਾਈ ਅਨੁਸਾਰ ਲਗਾਇਆ ਜਾਵੇ। ਇਹ ਪੋਟ ਆਈ ਐਸ ਆਈ ਹੋਵੇ ਸਮੇਤ ਸਾਰੀਆਂ ਲੋੜੀਦੀਆਂ ਫਿੰਟਿਗਜ਼ ਜਿਵੇ ਆਟੋਮੈਟਿਕ ਫਲੱਸ਼ਿਗ ਸਿਸਟਮ ਤੋਂ ਵੈਸਟ ਪਾਇਪ ਇਸ ਦੇ ਨਾਲ ਫਿਟ ਹੋਵੇ। ਯੂਰੀਨਲ ਬੈਸਨ ਦੇ ਨੀਚੇ ਬੱਚਿਆਂ ਦੇ ਖੜੇ ਹੋਣ ਲਈ 10 ਸੈਂਟੀਮੀਟਰ ਉੱਚਾ ਅਤੇ 75 ਸੈਂਟੀਮੀਟਰ ਚੋੜਾ ਪਲੇਟਫਾਰਮ ਹੋਵੇ।

13. ਹੈਂਡੀਕੈਪ ਬੱਚਿਆਂ ਦੇ ਟੁਆਇਲਟ ਬਲਾਕ ਵਿੱਚ ਸਟੈਂਡਰਡ ਕੁਆਇਲਟੀ ਦਾ ਇੰਡੀਅਨ ਮੇਕ ਫਲੈਟ ਬੈਕ ਲਿਪ ਟਾਈਪ ਚਿੱਟਾ ਇੱਕ ਪੋਟ ਯੂਰੀਨਲ ਆਈ ਐਸ ਆਈ ਮਾਰਕਡ ਹੋਵੇ ਸਮੇਤ ਸਾਰੀਆਂ ਫਿਟਿੰਗਜ਼ ਅਤੇ ਗਰਿਪ ਰੇਲ ਲਗਾਈ ਜਾਵੇ।

14. ਟੁਆਇਲਟ ਫਲੋਰਿੰਗ:- ਟਾਈਲਟ ਵਿੱਚ 300×300 ਐਮ ਐਮ ਸਾਇਜ਼ ਦੀ ਮਾਰਬਲ ਫਲੋਰਿੰਗ

15. ਡੈਡੋ:- ਟੁਆਇਲਟ ਬਲਾਕ ਦੀਆਂ ਕੰਧਾਂ ਤੇ 6.75 ਫੁੱਟ ਉਚਾਈ ਤੱਕ ਚਿੱਟੀਆਂ ਗਲੈਜ਼ਡ ਟਾਈਲਾਂ ਲਗਾਈਆਂ ਜਾਣ।

16. ਸਕਰਟਿੰਗ:- ਗਲੈਜ਼ਡ ਟਾਇਲਾਂ ਕਦੇ ਵੀ ਫਲੋਰ ਲੈਵਲ ਤੱਕ ਨਾ ਲਗਾਈਆਂ ਜਾਣ। ਜੋ ਫਰਸ਼ ਵਿੱਚ ਸੀਪੇਜ ਦਾ ਕਾਰਨ ਬਣ ਸਕਦੀਆਂ ਹਨ। ਇਸ ਲਈ ਫਲੋਰ ਅਤੇ ਟਾਇਲਾਂ ਦੇ ਵਿਚਕਾਰ 10 ਸੈਂਟੀਮੀਟਰ ਤੋਂ 15 ਸੈਂਟੀਮੀਟਰ ਦੀ ਉਚਾਈ ਤੱਕ ਸਕਰਟਿੰਗ ਲਗਾਉਣੀ ਜਰੂਰੀ ਹੈ।

17. ਜੀ ਆਈ ਪਾਈਪ (ਮੀਡੀਅਮ ਕੁਆਇਲਟੀ) ਗਲਵੇਨਾਈਜਡ ਸਟੀਲ ਕੰਨਫੋਰਮਿੰਗ ਆਈ ਐਸ ਆਈ ਮਾਰਕਡ ਹੋਣ।

18. ਜੀ ਆਈ ਸਪੈਸਲਜ਼ ਜਾਂ ਆਈ ਐਸ ਆਈ ਮਾਰਕਡ ਹੋਣੇ ਚਾਹੀਦੇ ਹਨ।

19. ਸਾਰੇ ਫਲੋਰ ਟਰੈਪ (ਐਫ ਟੀ) ਅਤੇ ਗਲੀ ਟਰੈਪ (ਜੀ ਟੀ) ਐਚ ਸੀ ਆਈ / ਪੀ ਵੀ ਸੀ ਦੇ ਡੀਪ ਸੀਲ ISI ਮਾਰਕਟ ਹੋਣ।

20. ਇੰਸਪੈਕਸ਼ਨ ਚੈਂਬਰ (ਆਈ ਸੀ) ਅਤੇ ਗਲੀ ਟਰੈਪ (ਜੀ ਟੀ) ਦੇ ਕਵਰ ਅਤੇ ਫਰੈਮ ਐਚ ਸੀ ਆਈ ਦੀ ਬਜਾਏ ਫਾਈਬਰ ਆਰ ਸੀ ਸੀ ਦੇ ਹੋਣਗੇ ਤਾਂ ਜੋ ਸੀ ਆਈ ਕਵਰ ਅਤੇ ਫਰੈਮਾਂ ਦੀ ਚੋਰੀ ਤੋਂ ਬਚਾ ਹੋ ਸਕੇ।

21. ਅਸਟੇਟ ਸੀਵਰ ਲਈ ਢੁੱਕਵੇ ਸਾਇਜ਼ ਦੀਆਂ ਸਾਲਟ ਗਲੇਜਡ (ਐਸ ਡਬਲਯੂ) ਪਾਈਪਾਂ ਜਾ ਪੀ ਵੀ ਸੀ ਦੀ ਪਾਇਪਾਂ ਦੀ ਵਰਤੋਂ ਕੀਤੀ ਜਾਵੇਗੀ ਜੋ ਕਿ ਐਫ ਟੀ ਤੋਂ ਜੀ ਟੀ 3" ਸਾਇਜ਼ ਅਤੇ ਜੀ ਟੀ ਤੋਂ ਆਈ ਸੀ ਤੱਕ 4" ਸਾਇਜ਼ ਦੇ ਪਾਇਪ ਦੀ ਵਰਤੋਂ ਕੀਤੀ ਜਾਵੇਗੀ। ਸੈਪਟਿਕ ਟੈਕ ਦੀ ਉਸਾਰੀ ਨਕਸ਼ੇ ਮੁਤਾਬਿਕ ਕੀਤੀ ਜਾਵੇਗੀ।

## ੲ). ਚਾਰਦੀਵਾਰੀ (3450 ਰੁਪਏ ਪ੍ਰਤੀ ਮੀਟਰ)

ਆਰ.ਸੀ.ਸੀ ਕਾਲੱਮ 9"×9" ਅਤੇ ਉਚਾਈ 6'-0: @ 10"-0" ਸੈਂਟਰ ਤੋਂ ਸੈਂਟਰ। 30'-0" ਦੀ ਦੂਰੀ ਤੇ 1" ਚੌੜਾ ਐਕਸਪੈਨਸ਼ਨ ਜੁਆਇੰਟ ਦਿੱਤਾ ਜਾਵੇ। ਸਾਰੀ ਉਸਾਰੀ ਨਕਸ਼ੇ ਅਨੁਸਾਰ ਕੀਤੀ ਜਾਵੇ।

## ਜਨਰਲ ਨਿਰਦੇਸ਼

1. ਸਰਵ ਸਿੱਖਿਆ ਅਭਿਆਨ ਅਧੀਨ ਹੋਣ ਵਾਲੇ ਸਿਵਲ ਵਰਕਸ ਦੇ ਕੰਮਾਂ ਵਿੱਚ ਭਾਈਚਾਰੇ ਦੀ ਸ਼ਮੂਲੀਅਤ ਹੋਣੀ ਚਾਹੀਦੀ ਹੈ।
2. ਨਵੀਂ ਉਸਾਰੀ ਸਮੇਂ ਉੱਤਮ ਦਰਜੇ (ISI mark) ਦਾ ਸਮਾਨ ਲਗਾਉਣਾ ਲਾਜ਼ਮੀ ਹੈ।
3. ਹਵਾ ਤੇ ਰੋਸ਼ਨੀ ਦਾ ਉਚਿਤ ਪ੍ਰਬੰਧ ਹੋਣਾ ਚਾਹੀਦਾ ਹੈ।
4. ਜਿੱਥੇ ਤੱਕ ਸੰਭਵ ਹੋ ਸਕੇ ਵਾਧੂ ਕਮਰੇ ਦੀ ਉਸਾਰੀ ਮੌਜੂਦਾ ਬਿਲਡਿੰਗ ਦੇ ਨਾਲ ਹੀ ਕਰਨੀ ਜਰੂਰੀ ਹੈ ਤਾਂ ਜੋ ਜਗ੍ਹਾ ਦਾ ਉਚਿਤ ਇਸਤੇਮਾਲ ਹੋ ਸਕੇ।
5. ਹਰੇਕ ਸਾਈਟ ਤੇ ਰੋਜ਼ਾਨਾ ਖਪਤ ਰਜ਼ਿਸਟਰ ਹੋਣਾ ਜਰੂਰੀ ਹੈ ਤਾਂ ਜੋ ਸਮਾਨ ਦੀ ਰੋਜਾਨਾ ਖਪਤ ਦਰਜ਼ ਹੋ ਸਕੇ।
6. ਸਰਵ ਸਿੱਖਿਆ ਅਭਿਆਨ ਤਹਿਤ ਹੋਣ ਵਾਲੇ ਸਿਵਲ ਵਰਕਸ ਦੇ ਕੰਮਾਂ ਦੀ ਉਸਾਰੀ ਸਮੇਂ ਵਿਦਿਆਰਥੀਆਂ/ਬੱਚਿਆਂ ਨੂੰ ਮਜ਼ਦੂਰੀ ਤੇ ਨਾ ਲਗਾਇਆ ਜਾਵੇ।
7. ਉਸਾਰੀ ਦਾ ਕੰਮ ਤਿੰਨ ਮਹੀਨੇ ਦੇ ਅੰਦਰ ਮੁਕੰਮਲ ਹੋਣਾ ਜਰੂਰੀ ਹੈ ਅਤੇ ਜਾਰੀ ਕੀਤੀ ਰਾਸ਼ੀ ਦਾ ਵਰਤੋਂ ਸਰਟੀਫਿਕੇਟ ਸਟੇਟ ਆਫਿਸ ਵਿਖੇ ਭੇਜਣਾ ਜਰੂਰੀ ਹੈ।
8. ਉਸਾਰੀ ਮੁਕੰਮਲ ਹੋਣ ਤੋਂ ਬਾਅਦ ਸਾਫ ਅਤੇ ਸਪੱਸ਼ਟ 'SSA pencil logo' ਪੇਂਟ ਕਰਕੇ ਲਗਾਉਣਾ ਜਰੂਰੀ ਹੈ।

**ਜ਼ਰੂਰੀ ਨੋਟ:** ਜਿਨ੍ਹਾਂ ਸਕੂਲਾਂ ਵਿੱਚ ਅਣਸੁਰੱਖਿਅਤ ਕਮਰਿਆਂ ਦੀ ਥਾਂ ਤੇ ਨਵੇਂ ਕਮਰੇ ਉਸਾਰੇ ਜਾ ਰਹੇ ਹਨ, ਉਨ੍ਹਾਂ ਅਣਸੁਰੱਖਿਅਤ ਕਮਰਿਆਂ ਨੂੰ ਢਾਹੁੰਣ ਉਪਰੰਤ ਜੋ ਮਟੀਰਿਅਲ ਵਰਤਣਯੋਗ ਹੈ, ਉਸ ਨੂੰ ਨਵੇਂ ਉਸਾਰੇ ਜਾ ਰਹੇ ਕਮਰਿਆਂ ਲਈ ਵਰਤ ਲਿਆ ਜਾਵੇ ਅਤੇ ਨਵੇਂ ਕਮਰਿਆਂ ਦੀ ਉਸਾਰੀ ਲਈ ਬਚਦੀ ਰਾਸ਼ੀ ਨੂੰ ਸਕੂਲ ਦੀ ਬੇਹਤਰੀ ਲਈ ਖਰਚ ਲਿਆ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**
Sd/-

# Additional class Room




PLAN




TERRACE PLAN




FRONT ELEVATION




SEC. AT A-A

JOINERY SCHEDULE

| S.NO | NAME | SIZE | SILL LVL | TOP LVL |
|---|---|---|---|---|
| 1. | D | 3'-6"X6'-3" | ±0" | +6'-3" |
| 2. | W | 6'-0"X5'-3" | 3'-0" | +8'-3" |
| 3 | W1 | 4'-0"x5'-3" | 3'-6" | 8'-3" |
| | | | | |

LEGEND

| SYMBOL | NAME | NOS |
|---|---|---|
| | CEILING FAN | 1 |
| | TUBE LIGHT (4'-0") | 4 |
| | SWITCH BOARD | 2 |
| ▷ | SWITCH SOCKET | 2 |

1) BLACK BOARD IS ONLY AT ONE SIDE
2) RAMP SLOP IS 1:10 RATHER THAN 1:12
3) START OF RAMP IS CHANGED, WIDTH OF RAMP IS 4'-0"
4) TWO DOORS IS PROVIDED IN EACH ROOM & NO WINDOW AT VERANDAH SIDE







CR




SEC. R-R'

## NOTES

1. DIMENSIONS ARE TO BE READ NOT TO BE SCALED
2. CONTRACTOR IS TO CHECK ALL DIMENSIONS BEFORE EXECUTION OF WORK
3. [illegible]
4. FOR CENTER LINE DIMENSION REFER ARCH.DRG.
5. NOT MORE THAN [illegible] % BARS ARE TO BE LAPPED AT ONE LOCATION
6. LAP LENGTH / ANCHORAGE LENGTH [illegible]
7. CLEAR COVER TO REINF. [illegible]
8. CONC. USED IS [illegible]







TW-1(TOE WALL)




C-1(COLUMN)




W1 (9" TH. WALL)




## ROOF SLAB REIN. DETAIL

## NOTES

1. DIMENSIONS ARE TO BE READ NOT TO BE SCALED
2. CONTRACTOR IS TO CHECK ALL DIMENSIONS BEFORE EXECUTION OF WORK
3. 'T' INDICATES THE DIA OF HYSD BARS OF GRADE Fe415 REFER TO IS 1786,1979
4. FOR CENTER LINE DIMENSION REFER ARC. DRG.
5. NOT MORE THAN 50 % BARS ARE TO BE LAPPED AT ONE LOCATION
6. LAP LENGTH / ANCHORAGE LENGTH
   50d IN CASE OF FOUNDATION, BEAM & SLAB
   45d IN CASE OF COLUMNS, WHERE 'd' IS DIA OF BARS
7. CLEAR COVER TO REINF.
   FOUNDATION = 50mm BEAM = 25mm
   COLUMN = 40mm SLAB = 25mm
8. CONC. USED IS M20




LB-2(4'-0" SPAN)
Bars;1TO3 = 12mmØ
4,5 = 10mmØ
Strps;8mmØ @6"c/c.




LB-4
Bars;1TO6 = 12mmØ
Strps;8mmØ2L@6"c/c.




RCB
Bars;1TO6 = 12mmØ through out
Strps;8mmØ2L@6"c/c.

### DETAIL OF STEEL REINFORCEMENT

1. SLAB THICKNESS = 5" THK.
2. CONC. USED = M20

| SCHEDULE OF BARS | FACE |
|---|---|
| a = 10 mm Ø @ 12" c/c. | (B) |
| b = 10 mm Ø @ 12" c/c. | (C) |
| c = 12 mm Ø @ 12" c/c. | (T) |
| d = 8 mm Ø @ 20" c/c. | (B) |
| e = 8 mm Ø @ 20" c/c. | (C) |
| f = 10 mm Ø @ 20" c/c. | (T) |
| z = 8 mm Ø @ 10" c/c. | |

NOTE:
B Bottom
C Crank
T Top




B-1
Bars;1TO3 = 20mmØ ,4 TO8 = 16mmØ
Strps;8mmØ2L 6Nos.@4"c/c.
+rest @8"c/c from face of supports.




SEC. X1-X1




LB-1
Bars;1TO6 = 12mmØ
Strps;8mmØ @6"c/c.




SEC. Y1-Y1




SEC. K-K'( LINTEL LVL.)
Bars;1TO4 = 12mmØ
Strps;8mmØ@6"c/c.




LB-3
Bars;1TO10 = 16mmØ
Strps;8mmØ 2L @6"c/c.




SEC. X3-X3

AN AUTODESK EDUCATIONAL PRODUCT

PRODUCED BY AN AUTODESK EDUCATIONAL PRODUCT




JOINERY SCHEDULE

| S.NO | NAME | SIZE | SILL LVL | TOP LVL |
|---|---|---|---|---|
| 1. | D8 | 3'-0"X7'-3" | ±0" | +6'-3" |
| 2. | D1 | 2'-6"X7'-3" | ±0" | +6'-3" |
| 3. | SD | 3'-6"X7'-3" | ±0" | +6'-3" |
| 4. | | | | |
| 5. | W1 | 4'-0"X3'-6" | +4'-6" | +6'-3" |
| 6. | V | 5'-0"X1'-6" | +6'-9" | +6'-3" |
| 7. | V1 | 4'-6"X1'-6" | +6'-9" | +6'-3" |

NOTES FOR HANDICAPED TOILETS

1. TOILET SEAT (W.C) HEIGHT: 1'-6", L-SHAPE GRAB BARS ON BOTH SIDES, AT HEIGHT OF 2'-4" (LOWER), EXTENDINGUPTO 4'-8" (VERTICAL).
2. W.C JET TAP AT HEIGHT OF 1.5FT.
3. W.C WATER TAP AT HEIGHT OF 1.5FT.
4. SEAT TO BE EUROPEAN STYLE FOR TOILETS.
5. WASH BASIN HEIGHT: 2'-2"; BASIN DEPTH 6" TO 1' MAX; IN ROUNDED SHAPE IF MADE OF CONCRETE
6. TAP HEIGHT 2.5 FT.; LEVER TYPE TAP. KNEE SPACE UNDERNEATH WASH BASIN(DEPTH)2.5FT.
7. URINAL FOOT OBLONG TYPE WITH ELONGATED RIM, AT MAXIMUM HEIGHT OF 1'-4" FROM FLOOR LVL. GRAB BAR ON BOTH SIDES AT HIGHT OF 2FT 4 INCH AND TOP CENTERAL BAR JOINING BOTH SIDE BARS-2 FT. NO DEHLEEZ IN FRONT.
8. CLEAR SPACE IN FRONT OF URINAL: 2'-6"X4'-6"
9. COLOUR CONTRAST DOORS, DIFFERENT FROM WALL COLOUR.
10. DEHLEEZ UNDER TOILET ENTRANCE DOOR TO BE REMOVED OR SMALL RAMP TYPE ON BOTH SIDE OF DEHLEEZ.
11. DOOR 3'-0" WIDE WITH 2 PANELS,SWING OPENING BOTH WAYS. DOOR LATCH ON BOTH SIDES (SHOULD BE LEVER TYPE, NOT BOLT TYPE) AT HEIGHT OF 2FEET 8 INCH DOOR HANDLE OF D-TYPE AT HIGHT OF 3 FEET.
12. SIGNAGE ON OUTER PANEL SHOWING DISABLED FRINDLY SKETCH AS WELL AS GIVEN IN WRITING.

CONSULTANTS :

SYAL & ASSOCIATES
(Chartered Engineers, Architects, Surveyors & Land Planners)
F-91 , PHASE VII,
INDUSTRIAL AREA,
MOHALI (Pb)

CLIENT:-

PROJECT:-

SANITATION BLOCK

| | | |
|---|---|---|
| REVISION: | R1 | R3-28-07-10 |
| | R2-23-07-10 | |

ARCHITECTURE

PLAN (TOILET DETAIL)
SECTION A-A'

ENGINEER : Dr. I.C. Syal.

ARCHITECT : RASHMI SHARMA

SIGNATURE & STAMP:

OWNER:

| | |
|---|---|
| DRAWN BY: | HARPREET |
| SCALE: | ¼"=1'-0" |
| DATE: | 090710 |
| DRG. NO. : | A-1 |

PRODUCED BY AN AUTODESK EDUCATIONAL PRODUCT

PRODUCED BY AN AUTODESK EDUCATIONAL PRODUCT


PRODUCED BY AN AUTODESK EDUCATIONAL PRODUCT
GRAB RAIL
GRAB RAIL
17'-9"
4'-9"
4'-9"
TOILET PAPER
HANDICAP
TOI.6'-0"X7'-0"
SHE TOI.
HE TOI.
HANDRAIL 2'-6" Ht.
FLOOR TOPING WITH ANTISKID TILES
RAMP 1:12
T-12"
R-6"
L-shape grab bar at 2'-4" ht. to 4'6"
grab rail at FL to 2'-4"
W.C at 1'-6" ht.
Lever type tap
handrail at 2'-6" ht.
ends rounded & grouted
SECTION A-A'
GRAB BAR AT 3'HT.
URINAL
L SHAP GRAB BAR
SECTION B-B'
NOTES FOR HANDICAPPED TOILETS
SYAL & ASSOCIATES
INDUSTRIAL AREA,
MOHALI
CLIENT:-
PROJECT:-
SANITATION BLOCK
ARCHITECTURE
PLAN (TOILET DETAIL)
SECTION A-A', B-B'.
ENGINEER : Dr. I.C. Syal.
ARCHITECT : RASHMI SHARMA
SIGNATURE & STAMP
DRAWN BY:
SCALE:
DATE:
DWG.NO.:
PRODUCED BY AN AUTODESK EDUCATIONAL PRODUCT